ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
ਵਿੱਦਿਆ ਭਵਨ, ਈ-ਬਲਾਕ, ਪੰਜਵੀਂ ਮੰਜਿਲ, ਫੇਜ-8, ਐਸ.ਏ.ਐਸ. ਨਗਰ (ਮੁਹਾਲੀ), ਪੰਜਾਬ

ਵੱਲ :

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ
ਸਮੂਹ ਸਕੂਲ ਮੁਖੀ, ਸਰਕਾਰੀ ਸਕੂਲ, ਪੰਜਾਬ

ਮੀਮੋ ਨੰ : 13/1-2020/SSA/MIS/46457
ਮਿਤੀ :31 ਜਨਵਰੀ, 2020

ਵਿਸ਼ਾ : ਭਾਰਤ ਸਰਕਾਰ ਦੇ ਪੋਰਟਲ Shaala Siddhi ਉੱਤੇ ਸਕੂਲ ਸਬੰਧੀ ਜਾਣਕਾਰੀ ਅਪਡੇਟ ਕਰਨ ਬਾਰੇ।

1.0 ਭਾਰਤ ਸਰਕਾਰ ਵਲੋਂ Shaala Siddhi ਨਾ ਦਾ ਪੋਰਟਲ (http://shaalasiddhi.niepa.ac.in) ਬਣਾਇਆ ਗਿਆ ਹੈ ਜਿਸ ਅਧੀਨ ਸਮੂਹ ਸਕੂਲਾਂ ਵਲੋਂ ਸਕੂਲ ਸਬੰਧੀ ਜਾਣਕਾਰੀ ਅਪਡੇਟ ਕੀਤੀ ਜਾਣੀ ਹੈ। ਇਸ ਜਾਣਕਾਰੀ ਦੇ ਅਧਾਰ ਉੱਤੇ ਭਾਰਤ ਸਰਕਾਰ ਵਲੋਂ ਸਕੂਲਾਂ ਦੀ evaluation ਕੀਤੀ ਜਾਵੇਗੀ। ਸਕੂਲਾਂ ਵਲੋਂ ਇਸ ਪੋਰਟਲ ਉੱਤੇ ਹੇਠ ਲਿਖੇ ਪ੍ਰਕਾਰ ਦੇ ਪ੍ਰਫਾਰਮੇਂ ਭਰੇ ਜਾਣੇ ਹਨ :-

- No. of Students, Learner outcomes and Performance of students in key subjects.
- No. of Teachers, Attendance and Leave records.
- Enabling resources of school.
- Teaching Learning and Assessment.
- Learner's progress.
- Teacher Performance and Professional Development.
- School Leadership and Management.
- Inclusive health and safety.
- Productive Community Participation.
- Action for continuous school improvement plan.

2.0 Shaala Siddhi ਪੋਰਟਲ ਉੱਤੇ ਜਾਣਕਾਰੀ ਅਪਡੇਟ ਕਰਨ ਤੋਂ ਪਹਿਲਾਂ ਸਕੂਲ ਇਸ ਸਬੰਧੀ ਭਾਰਤ ਸਰਕਾਰ ਦੀਆਂ ਹਦਾਇਤਾਂ, ਜੋ ਕਿ ਪੋਰਟਲ ਦੇ ਲਿੰਕ http://shaalasiddhi.niepa.ac.in/documents.html ਅਧੀਨ ਉਪਲਬਧ ਹਨ, ਨੂੰ ਧਿਆਨ ਨਾਲ ਪੜ੍ਹ ਲੈਣ।

3.0 ਜੇਕਰ ਸਕੂਲ ਪਹਿਲਾਂ ਇਸ ਪੋਰਟਲ ਉੱਤੇ ਰਜਿਸਟਰ ਨਹੀਂ ਹੈ ਤਾਂ ਹਰ ਸਕੂਲ ਵਲੋਂ ਇਸ ਪੋਰਟਲ ਉੱਤੇ ਰਜਿਸਟਰ ਕੀਤਾ ਜਾਵੇਗਾ ਅਤੇ ਰਜਿਸਟਰ ਹੋਣ ਲਈ ਸਕੂਲ ਨੂੰ ਆਪਣਾ ਯੂਡਾਈਸ ਕੋਡ ਪਤਾ ਹੋਣਾ ਜਰੂਰੀ ਹੈ। ਸਕੂਲ ਆਪਣਾ ਯੂਡਾਈਸ ਕੋਡ ਈਪੰਜਾਬਸਕੂਲ ਪੋਰਟਲ ਤੋਂ ਲੈ ਸਕਦੇ ਹਨ। ਰਜਿਸਟਰ ਕਰਨ ਲਈ ਪੋਰਟਨ ਉੱਤੇ ਦਿੱਤੇ ਲਿੰਕ Login ਨੂੰ ਕਲਿੱਕ ਕੀਤਾ ਜਾਵੇ ਅਤੇ New User ? Click here ਦੇ ਲਿੰਕ ਉੱਤੇ ਕਲਿੱਕ ਕਰਕੇ ਰਜਿਸਟਰ ਕੀਤਾ ਜਾਵੇ।

4.0 ਇਸ ਪੋਰਟਲ ਉੱਤੇ ਸਮੂਹ ਸਕੂਲਾਂ ਵਲੋਂ ਜਾਣਕਾਰੀ ਅਪਲੋਡ ਕਰਨ ਦੀ ਆਖਰੀ ਮਿਤੀ 20-02-2020 ਹੈ। Shaala Siddhi ਪੋਰਟਲ ਸਬੰਧੀ ਕਿਸੇ ਵੀ ਕਿਸਮ ਦੀ ਜਾਣਕਾਰੀ ਜਾਂ ਸਹਿਯੋਗ ਲਈ ਸਬੰਧਤ ਜਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਜਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰਾਂ ਦੇ ਮੋਬਾਇਲ ਨੰਬਰ www.epunjabschool.gov.in ਪੋਰਟਲ ਉੱਤੇ ਉਪਲਬਧ ਹਨ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਅਗਲੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1) ਸਮੂਹ ਜਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ